# ਨਸਲੀ ਬਰਾਬਰੀ ਨੂੰ ਉਤਸਾਹਿਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਰਕਾਰੀ ਜਾਇਦਾਦ ਏਜੰਸੀ

ਸਰਕਾਰੀ ਜਾਇਦਾਦ ਏਜੰਸੀ (GPA) ਦੀ ਮੁੱਖ ਗਤੀਵਿਧੀਆਂ ਵਿਚੋਂ ਇੱਕ ਵਾਧੂ ਸਰਕਾਰੀ ਸੰਪਤੀਆਂ ਨੂੰ ਵਪਾਰੀਕਰਨ ਦੀ ਸਮਰੱਥਾ ਨਾਲ ਲੀਜ਼ ਤੇ ਦੇਣਾ ਅਤੇ ਜਿਥੇ ਉਚਿਤ ਹੋਵੇ ਉਥੇ ਨਵੀਆਂ ਵਪਾਰੀਕਰਨ ਪਹਿਲਕਦਮੀਆਂ ਨੂੰ ਲਾਗੂ ਕਰਨਾ ਹੈ। ਅਸੀਂ ਸਾਰੇ ਜਨਤਾ ਦੇ ਸਦਸ ਦੁਆਰਾ ਉਨ੍ਹਾਂ ਦੀਆਂ ਨਸਲੀ ਪਿਛੋਕੜਾਂ ਦੇ ਬਾਵਜੂਦ, ਉਨ੍ਹਾਂ ਨਾਲ ਸੰਬੰਧਤ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਨਾਉਣ ਨੂੰ ਬਹੁਤ ਮਹੱਤਵ ਦਿੰਦੇ ਹਾਂ।

**ਸੰਬੰਧਤ ਸੇਵਾਵਾਂ**

- GPA ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੰਬੰਧਤ ਸੇਵਾਵਾਂ ਵਿੱਚ ਸ਼ਾਮਲ ਹਨ (i) ਲੀਜ਼ਿੰਗ ਜਾਂ ਬਿਕ੍ਰੀ ਦੇ ਜਰਿਏ ਵਾਧੂ ਕੁਆਰਟਰਾਂ ਦਾ ਨਿਪਟਾਰਾ ਅਤੇ (ii) ਵਾਧੂ ਸਰਕਾਰੀ ਸੰਪਤੀਆਂ ਨੂੰ ਵਪਾਰੀਕਰਨ ਦੀ ਸੰਭਾਵਨਾ ਨਾਲ ਲੀਜ਼ ਤੇ ਦੇਣਾ।

**ਮੌਜੂਦਾ ਉਪਾਅ**

- ਪੁਰਾਨੇ ਸਰਕਾਰੀ ਕੁਆਰਟਰਾਂ ਦੀ ਖਰੀਦ ਦਾ ਸੱਦਾ ਦੇਣ ਵਾਲੇ ਟੈਂਡਰ ਅਤੇ ਸਰਕਾਰੀ ਸੰਪਤੀਆਂ ਤੇ ਕਿਰਾਏਦਾਰੀ ਦਾ ਸੱਦਾ ਦੇਣ ਵਾਲੇ ਟੈਂਡਰ/ਕੋਟੇਸ਼ਨ GPA ਦੀ ਵੈਬਸਾਈਟ ਤੇ ਹਾਂਗਕਾਂਗ ਦੀ ਦੋ ਅਧਿਕਾਰਕ ਭਾਸ਼ਾਵਾਂ (ਯਾਨੀ ਚੀਨੀ ਅਤੇ ਅੰਗ੍ਰੇਜ਼ੀ) ਵਿੱਚ ਉਪਲਬਧ ਹਨ।
- GPA ਦੀ ਸਾਲਾਨਾ ਰਿਪੋਰਟ ਅਤੇ ਵਾਤਾਵਰਣ ਰਿਪੋਰਟ ਭੀ ਸਾਡੀ ਵੈਬਸਾਈਟ ਤੇ ਦੋਵੇਂ ਅਧਿਕਾਰਕ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।
- ਜਿਥੇ ਜਰੂਰੀ ਅਤੇ ਉਚਿਤ ਹੋਵੇ ਉਥੇ ਭਾਸ਼ਾ ਸੇਵਾਵਾਂ ਦੀ ਵਿਵਸਥਾ ਕੀਤੀ ਜਾਂਦੀ ਹੈ।

**ਭਵਿੱਖ ਦੇ ਕੰਮ ਦਾ ਮੁਲਾਂਕਣ**

- ਵੱਖਰੀ ਨਸਲਾਂ ਦੇ ਲੋਕਾਂ ਦੀ ਜਰੂਰਤਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ GPA ਸਮੇਂ ਸਮੇਂ ਤੇ ਸਾਡੀ ਸੇਵਾਵਾਂ ਦੀ ਸਮੀਖਿਆ ਕਰਦਾ ਹੈ।

**ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ**

- ਜਿਥੇ ਜਰੂਰੀ ਅਤੇ ਉਚਿਤ ਹੋਵੇ ਉਥੇ ਸੈਂਟਰ ਫ਼ੋਰ ਹਾਰਮਨੀ ਐਂਡ ਇਨ੍ਹਾਂਸਮੈਂਟ ਔਫ ਐਥਨਿਕ ਮਾਈਨੋਰੀਟੀ ਰੇਜਿਡੈਂਸ (CHEER) ਦੇ ਜਰਿਏ ਵਿਆਖਿਆ ਸੇਵਾ ਦੀ ਵਿਵਸਥਾ ਕੀਤੀ ਜਾਂਦੀ ਹੈ। CHEER ਅੱਠ

ਭਾਸ਼ਾਵਾਂ ਯਾਨੀ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਟਾਗਾਲੋਗ, ਥਾਈ ਅਤੇ ਵਿਯਤਨਾਮੀ ਵਿੱਚ ਟੇਲੀਫ਼ੋਨ ਵਿਆਖਿਆ ਸੇਵਾਵਾਂ ਪ੍ਰਦਾਨ ਕਰਦਾ ਹੈ।

- ਨਸਲੀ ਬਰਾਬਰੀ ਦੇ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਸਟਾਫ਼ ਦੇ ਸਿਖਲਾਈ ਵਿੱਚ ਸ਼ਾਮਲ ਹੋਣ ਦਾ ਪ੍ਰਬੰਧ ਕੀਤਾ ਜਾਂਦਾ ਹੈ।

- GPA ਨਿਯਮਿਤ ਤੌਰ ਤੇ ਸੇਵਾ ਉਪਭੋਗਤਾਵਾਂ ਦੀ "ਵਿਆਖਿਆ /ਅਨੁਵਾਦ ਸੇਵਾਵਾਂ ਦੀ ਜਰੂਰਤਾਂ" ਅਤੇ "ਪਸੰਦੀਦਾ ਭਾਸ਼ਾ" ਤੇ ਜਾਣਕਾਰੀ ਇੱਕਠਾ ਕਰਦਾ ਹੈ ਜਿਨ੍ਹਾਂ ਨੂੰ ਨਸਲੀ ਬਰਾਬਰੀ ਤੇ ਸਾਡੀ ਨੀਤੀਆਂ ਅਤੇ ਉਪਾਆਂ ਦੇ ਅਸਰ ਦਾ ਮੁਲਾਂਕਣ ਕਰਨ ਅਤੇ ਸੇਵਾ ਪ੍ਰਬੰਧ ਲਈ ਨਿਰੰਤਰ ਸੁਧਾਰ ਨੂੰ ਸਮਰਥ ਬਨਾਉਣ ਲਈ ਵਿਆਖਿਆ /ਅਨੁਵਾਦ ਸੇਵਾਵਾਂ ਦੀ ਲੋੜ ਹੈ।

- ਨਿਰੰਤਰ ਸੁਧਾਰ ਲਈ ਮੌਜੂਦਾ ਉਪਾਆਂ ਦਾ ਨਿਯਮਿਤ ਤੌਰ ਤੇ ਮੁਲਾਂਕਣ ਕੀਤਾ ਜਾਵੇਗਾ।

- ਫੀਡਬੈਕ /ਸੁਝਾਵਾਂ ਨੂੰ ਇਹ ਵੇਖਣ ਲਈ ਭੀ ਵਿਚਾਰਿਆ ਜਾਵੇਗਾ ਕਿ ਜਰੂਰੀ ਅਤੇ ਉਚਿਤ ਹੋਣ ਤੇ ਹੋਰ ਸੁਧਾਰ ਕੀਤੇ ਜਾ ਸਕਦੇ ਹਨ।

ਪੁਛਗਿਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਸਹਾਇਕ ਵਿਭਾਗੀ ਸਕੱਤਰ (ਪ੍ਰਸ਼ਾਸਨ) 2 Mr. Michael LAM ਨਾਲ ਸੰਪਰਕ ਕਰੋ -


| | | |
|---|---|---|
| ਟੈਲੀਫੋਨ ਨੰ. | : | 3842 6797 |
| ਫੈਕ੍ਸ ਨੰ. | : | 2877 9423 |
| ਈਮੇਲ | : | enquiry@gpa.gov.hk |
| ਡਾਕ ਪਤਾ | : | Government Property Agency<br>9/F., South Tower<br>West Kowloon Government Offices<br>11 Hoi Ting Road, Yau Ma Tei<br>Kowloon |


**ਸਰਕਾਰੀ ਜਾਇਦਾਦ ਏਜੰਸੀ**
**ਮਈ 2023**